# ਜੀਨ ਪਿਅਜੇ ਦੀਆਂ ਭਾਸ਼ਾ-ਗ੍ਰਹਿਣ ਸੰਬੰਧੀ ਧਾਰਨਾਵਾਂ (ਸਿਧਾਂਤ)

ਜੀਨ ਪਿਆਜ਼ੇ (1896-1980) ਇਕ ਸਵਿਸ ਮਨੋਵਿਗਿਆਨੀ ਸੀ ਜਿਸਨੇ ਬਾਲਪਨ ਤੋਂ ਬਾਲਿਗ ਅਵੱਸਥਾ ਤੱਕ ਬੱਚੇ ਵਿਚ ਹੋ ਰਹੇ ਗਿਆਨਾਤਮਿਕ ਵਿਕਾਸ ਦੀ ਪ੍ਰਕਿਰਿਆ ਬਾਰੇ ਅਧਿਐਨ ਕੀਤਾ । ਉਹ ਪਹਿਲਾ ਮਨੋਵਿਗਿਆਨੀ ਸੀ ਜਿਸਨੇ ਗਿਆਨਾਤਮਿਕ ਵਿਕਾਸ ਦਾ ਅਧਿਐਨ ਕ੍ਰਮਬੱਧ ਢੰਗ ਨਾਲ ਕੀਤਾ।

ਗਿਆਨਾਤਮਿਕ ਜਾਂ ਬੋਧਾਤਮਿਕ ਵਿਕਾਸ (Cognitive Development) ਗਿਆਨਾਤਮਿਕ ਵਿਕਾਸ ਦਾ ਭਾਵ ਅਜਿਹੀਆਂ ਕਿਰਿਆਵਾਂ ਤੋਂ ਹੈ ਜਿਨ੍ਹਾਂ ਵਿਚ ਚਿੰਤਨ, ਪ੍ਰਤੱਖੀਕਰਨ (Perception) ਅਤੇ ਸਮੱਸਿਆ ਦੇ ਹੱਲ ਨਿਹਿਤ ਹਨ । ਸਾਧਾਰਨ ਭਾਸ਼ਾ ਵਿਚ ਗਿਆਨਾਤਮਿਕ ਕਿਰਿਆਵਾਂ, ਬੌਧਿਕ ਕਿਰਿਆਵਾਂ ਵੀ ਕਹਿਲਾਉਂਦੀਆਂ ਹਨ । ਇਸ ਲਈ ਗਿਆਨਾਤਮਿਕ ਵਿਕਾਸ ਦਾ ਸਿੱਖੇ ਸ਼ਬਦਾਂ ਵਿਚ ਅਰਥ ਹੈ- ਸਮਝਣ ਦੀ ਸ਼ਕਤੀ, ਸਿਮ੍ਰਿਤੀ, ਤਰਕਸ਼ਕਤੀ ਤੇ ਬੁੱਧੀ ਦਾ ਵਿਕਾਸ ।

1 **<u>ਬੋਧ ਗਿਆਨ (Cognition</u>**); ਮਨੋਵਿਗਿਆਨ ਵਿਚ ਬੋਧ ਜਾਂ ਗਿਆਨ ਉਹ ਮਾਨਸਿਕ ਪ੍ਰਕਿਰਿਆ ਹੈ ਜਿਸ ਦੁਆਰਾ ਜੀਵ ਨੂੰ ਕਿਸੇ ਵਸਤੂ, ਘਟਨਾ ਜਾਂ ਪਰਿਸਥਿਤੀ ਦਾ ਬਧ ਜਾਂ ਗਿਆਨ ਹੁੰਦਾ ਹੈ । ਇਸਦੇ ਅੰਤਰਰਤ ਪ੍ਰਤੱਖੀਕਰਨ, ਤਰਕ, ਸਮੱਸਿਆ ਹੱਲ, ਨਿਰਣਾ, ਚਿੰਤਨ ਆਦਿਕ ਵਿਭਿੰਨ ਮਾਨਸਿਕ ਪ੍ਰਕਿਰਿਆਵਾਂ ਹੁੰਦੀਆਂ ਹਨ । ਮਾਨਸਿਕ ਪ੍ਰਕਿਰਿਆ ਹੋਰ ਵੀ ਬਹੁਤ ਹਨ, ਜਿਨ੍ਹਾਂ ਦੀ ਮਨੋਵਿਗਿਆਨੀਆਂ ਨੇ ਤਿੰਨ ਵਰਗਾਂ ਵਿਚ ਵੰਡ ਕੀਤੀ ਹੈ- ਗਿਆਨਾਤਮਿਕ (Cognition), ਭਾਵਾਤਮਿਕ (Affection), ਅਤੇ ਕਿਰਿਆਤਮਿਕ (Connation or Psychomotor) I

ਉਦਾਹਰਨ ਲਈ ਅਚਾਨਕ ਸਾਹਮਣੇ ਜ਼ਮੀਨ ਉੱਤੇ ਧੀਂਘਦੇ ਜੀਵ ਨੂੰ ਦੇਖ ਕੇ ਸੱਪ ਦਾ ਬੋਧ ਹੁੰਦਾ ਹੈ - (ਗਿਆਨਾਤਮਿਕ), ਇਸਦੇ ਫਲਸਰੂਪ ਡਰ ਦੀ ਸੰਵੇਗਾਤਮਿਕ ਅਨੁਭੂਤੀ ਹੁੰਦੀ ਹੈ (ਭਾਵਾਤਮਿਕ), ਇਸ ਤੇ ਪਿੱਛੇ ਦੌੜਨ ਦੀ ਤਤਪਰਤਾ ਜਾਂ ਕਿਰਿਆ ਹੁੰਦੀ ਹੈ (ਕਿਰਿਆਤਮਿਕ) । ਜਿਅਕਤੀ ਇਨ੍ਹਾਂ ਤਿੰਨਾਂ ਪ੍ਰਕਾਰ ਦੀਆਂ ਮਾਨਸਿਕ ਪ੍ਰਕਿਰਿਆਵਾਂ ਦੀ ਪਰਪੱਕਤਾ ਗ੍ਰਹਿਣ ਕਰਕੇ ਬਾਲਗ ਬਣਦਾ ਹੈ ।

ਜੀਨ ਪਿਆਜੇ ਅਤੇ ਗਿਆਨਾਤਮਿਕ ਵਿਕਾਸ (Jean Piaget and Cognitive Development)ਪਿਆਜੇ ਨੇ ਗਿਆਨਾਤਮਿਕ ਵਿਕਾਸ ਦੀ ਵਿਆਖਿਆ ਕਰਦੇ ਹੋਏ ਗਿਆਨ ਬੰਧ ਦੇ ਸੰਬੰਧ ਵਿਚ ਕਿਹਾ ਹੈ ਕਿ ਗਿਆਨ ਜਾ ਬੋਧ ਪ੍ਰਾਣੀ ਦਾ ਉਹ ਗਿਆਨ ਹੈ, ਜਿਸਨੂੰ ਉਹ ਵਾਤਾਵਰਨ ਦੇ ਸੰਪਰਕ ਵਿਚ ਆ ਕੇ ਪ੍ਰਾਪਤ ਕਰਦਾ ਹੈ ਅਤੇ ਇਸ ਵਿਚ ਅਨੇਕ ਮਾਨਸਿਕ ਪ੍ਰਕਿਰਿਆਵਾਂ, ਜਿਵੇਂ- ਚਿੰਤਨ, ਪ੍ਰਤੱਖੀਕਰਨ, ਸਮੱਸਿਆ ਹੱਲ ਆਦਿ ਸ਼ਾਮਿਲ ਹੁੰਦੀਆਂ ਹਨ, ਜੋ ਨਿਰੰਤਰ ਰੂਪ ਵਿਚ ਚੱਲਦੀਆਂ ਰਹਿੰਦੀਆਂ ਹਨ । ਪਿਆਜੇ ਇਹ ਵੀ ਮੰਨਦਾ ਹੈ ਕਿ ਬੱਚੇ ਦੁਆਰਾ ਪ੍ਰਾਪਤ ਜਾ

ਅਰਜਿਤ ਕੀਤੇ ਗਏ ਗਿਆਨ-ਭੰਡਾਰ ਦਾ ਸਰੂਪ ਤੇ ਬਨਾਵਟ (Structure) ਵਿਕਾਸ ਦੀ ਹਰੇਕ ਅਵਸਥਾ ਦੇ ਦੌਰਾਨ ਪਰਿਵਰਤਿਤ ਹੁੰਦਾ ਰਹਿੰਦਾ ਹੈ ।

1 . **ਸਕੀਮਾਂ (Shemas**); ਪਿਆਜੇ ਦੇ ਗਿਆਨਾਤਮਿਕ ਸਿਧਾਂਤ ਨੂੰ ਵਿਕਾਸਾਤਮਿਕ ਸਿਧਾਂਤ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਪਿਆਜੇ ਅਨੁਸਾਰ ਬੱਚੇ ਦੇ ਅੰਦਰ ਗਿਆਨ ਦਾ ਵਿਕਾਸ ਅਨੇਕਾਂ ਅਵੱਸਥਾਵਾਂ ਤੋਂ ਹੋ ਕੇ ਗੁਜਰਦਾ ਹੈ । ਇਸਦੇ ਇਲਾਵਾ, ਪਿਆਜੇ ਦੇ ਸਿਧਾਂਤ ਨੂੰ 'ਅਵੱਸਥਾ ਸਿਧਾਂਤ' (Stage Theory) ਵੀ ਕਿਹਾ ਜਾਂਦਾ ਹੈ ਕਿਉਂਕਿ ਬੱਚੇ ਦੇ ਗਿਆਨ ਦੀ ਸੰਰਚਨਾ ਤੇ ਸਰੂਪ, ਵੱਖ-ਵੱਖ ਅਵੱਸਥਾਵਾਂ ਵਿਚ ਭਿੰਨ-ਭਿੰਨ ਹੁੰਦਾ ਹੈ । ਪਿਆਜੇ ਨੇ ਗਿਆਨਾਤਮਿਕ ਵਿਕਾਸ ਦੀ ਹਰੇਕ ਅਵੱਸਥਾ ਦੌਰਾਨ ਬੱਚੇ ਦੁਆਰਾ ਅਰਜਿਤ ਜਾਂ ਪ੍ਰਾਪਤ ਕੀਤੇ ਗਏ ਗਿਆਨ-ਭੰਡਾਰ ਨੂੰ ਸਕੀਮਾਂ (Schemas) ਦਾ ਨਾਮ ਦਿੱਤਾ ਹੈ । ਇਹੀ ਗਿਆਨ ਭੰਡਾਰ ਜਾਂ ਸਕੀਮਾਂ, ਪਾਣੀ ਦੇ ਵਿਵਹਾਰ ਨੂੰ ਨਿਰਦੇਸ਼ਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ ।

2. **ਵੰਸ਼ ਪੰਰਪਰਾ ਤੇ ਵਾਤਾਵਰਨ ਨੂੰ ਮਹੱਤਵ (Importance to both - Nature and Environment)** ਪਿਆਜੇ ਨੇ ਆਪਣੇ ਬੌਧਿਕ ਸਿਧਾਂਤ ਵਿਚ ਦੋਹਾਂ - ਵੰਸ ਪਰੰਪਰਾ ਤੇ ਵਾਤਾਵਰਨ ਨੂੰ ਮਹੱਤਵ ਦਿੱਤਾ ਹੈ। ਇਸਦੇ ਬੌਧਿਕ ਵਿਕਾਸ ਦੇ ਸਿਧਾਂਤ ਦੀ ਸਭ ਤੋਂ ਪ੍ਰਮੁੱਖ ਸ਼ਕਤੀ ਇਹ ਹੈ ਕਿ ਇਹ ਸਿਧਾਂਤ ਸਾਨੂੰ ਇਹ ਦੱਸਦਾ ਹੈ ਕਿ ਵਿਅਕਤੀ ਦੀਆ ਅੰਤਰਨਿਹਿਤ (Inherited) ਸਮੱਰਥਾਵਾਂ ਵਾਤਾਵਰਨ ਨਾਲ ਅੰਤਰਕਿਰਿਆ ਕਰਦੀਆਂ ਹਨ ਅਤੇ ਬੌਧਿਕ ਰੂਪ ਵਿਚ ਕਿਰਿਆਸ਼ੀਲ ਬਾਲਕ ਜਾਂ ਵਿਅਕਤੀ ਉਤਪੰਨ ਕਰਦੀਆਂ ਹਨ

3. **ਨਿਰਮਾਣ ਤੇ ਖੋਜ (Construction and Research):** ਪਿਆਜੇ ਦਾ ਵਿਚਾਰ ਹੈ ਕਿ ਗਿਆਨਾਤਮਿਕ ਵਿਕਾਸ ਕੇਵਲ ਨਕਲ (Copying) ਨਾ ਹੋ ਕੇ ਖੋਜ ਉੱਤੇ ਆਧਾਰਿਤ ਹੈ । ਨਵੀਨਤਾ ਜਾਂ ਖੋਜ ਦੀ ਉਤੇਜਿਕ ਪ੍ਰਤੀਕਿਰਿਆ ਨੂੰ ਸਧਾਰਨੀਕਰਨ ਦੇ ਆਧਾਰ ਉਤੇ ਨਹੀਂ ਸਮਝਾਇਆ ਜਾ ਸਕਦਾ । ਬੱਚੇ ਉਨ੍ਹਾਂ ਵਿਵਹਾਰਾਂ ਤੇ ਵਿਚਾਰਾਂ ਦੀ ਸਮੇਂ-ਸਮੇਂ ਖੋਜ ਤੇ ਨਿਰਮਾਣ ਕਰਦੇ ਰਹਿੰਦੇ ਹਨ ਜਿਨ੍ਹਾਂ ਵਿਵਹਾਰਾਂ ਤੇ ਵਿਚਾਰਾਂ ਦਾ ਉਨ੍ਹਾਂ ਨੇ ਕਦੀ ਪਹਿਲਾਂ ਸੰਕਲਪ ਨਹੀਂ ਕੀਤਾ ਹੁੰਦਾ। ਉਦਾਹਰਨ ਲਈ, ਇਕ ਚਾਰ ਸਾਲ ਦਾ ਬੱਚਾ, ਵਿਭਿੰਨ ਆਕਿਰਤੀਆਂ ਨੂੰ ਕ੍ਰਮ ਅਨੁਸਾਰ ਲਾ ਦਿੰਦਾ ਹੈ । ਇਹ ਉਸਦੇ ਬੌਧਿਕ ਵਾਧੇ ਦੀ ਖੋਜ ਤੇ ਨਿਰਮਾਣ ਨਾਲ ਸਬੰਧਿਤ ਹੈ ।

4 . **ਮਾਨਵ ਵਿਕਾਸ ਦੇ ਪੱਖ (Aspects of Human Development**): ਮਨੋਵਿਗਿਆਨੀਆਂ ਨੇ ਮਾਨਵ ਵਿਕਾਸ ਦੇ ਤਿੰਨ ਪੱਖ ਦੱਸੇ ਹਨ:- (i) ਜੈਵਿਕ ਪਰਿਪੱਕਤਾ (Biological Maturation)

(ii) ਭੌਤਿਕ ਵਾਤਾਵਰਨ ਨਾਲ ਅਨੁਭਵ (Experience with Physical Environment)

(ii) ਸਮਾਜਿਕ ਵਾਤਾਵਰਨ ਨਾਲ ਅਨੁਭਵ (Experience with Social Environment) ਜੀਨ ਪਿਆਜੇ ਨੇ ਕਿਹਾ ਕਿ ਮਾਨਵ ਵਿਕਾਸ ਦੇ ਉਪਰਲੇ ਤਿੰਨ ਪੱਖਾਂ ਤੋਂ ਇਲਾਵਾ ਇਕ ਹੋਰ ਵੀ ਪੱਖ ਹੈ, ਜਿਸਨੂੰ ਉਸਨੇ ਸੰਤੁਲਨੀਕਰਨ (Equilibrium) ਕਿਹਾ ਹੈ ।

ਜੀਨ ਪਿਆਜੇ ਅਨੁਸਾਰ, ਸੰਤੁਲਨੀਕਰਨ ਮਾਨਵ ਵਿਕਾਸ ਦੀ ਇਕ ਜ਼ਰੂਰੀ ਸ਼ਰਤ ਹੈ । ਸੰਤੁਲਨੀਕਰਨ ਮਾਨਵ ਵਿਕਾਸ ਦੇ ਹੋਰ ਤਿੰਨ ਪੱਖਾਂ ਵਿਚਕਾਰ ਸੰਤੁਲਨ ਜਾਂ ਸਮਵਾਇ ਸਥਾਪਿਤ ਕਰਨ ਦਾ ਕੰਮ ਕਰਦਾ ਹੈ । ਇਸ ਸੰਤੁਲਨ ਦੀ ਗੈਰ-ਹਾਜ਼ਰੀ ਵਿਚ ਕਿਸੇ ਵੀ ਪ੍ਰਾਣੀ ਦਾ ਵਿਕਾਸ ਸੰਭਵ ਨਹੀਂ ਹੈ । ਉਸ ਅਨੁਸਾਰ, ਸੰਤੁਲਨੀਕਰਨ ਇਕ ਸਵੈ-ਚਾਲਿਕ ਪ੍ਰਗਤੀ ਮੁਖੀ (Progressive self-regulating) ਪ੍ਰਕਿਰਿਆ ਹੈ । ਬੱਚਾ ਗਿਆਨ ਪ੍ਰਾਪਤ ਕਰਨ ਲਈ ਨਾ-ਕੇਵਲ ਵਾਤਾਵਰਨ ਦਾ ਹੀ ਗਿਆਨ ਪ੍ਰਾਪਤ ਕਰਦਾ ਹੈ ਸਗੋਂ ਉਹ ਵਾਤਾਵਰਨ ਨਾਲ ਸਮਾਯੋਜਨ ਵੀ ਸਥਾਪਿਤ ਕਰਦਾ ਹੈ । ਜਦੋਂ ਤੱਕ ਉਹ ਵਾਤਾਵਰਨ ਨਾਲ ਸਮਾਯੋਜਨ ਨਹੀਂ ਕਰ ਲੈਂਦਾ, ਉਹ ਵਾਤਾਵਰਨ (ਭੌਤਿਕ ਤੇ ਸਮਾਜਿਕ) ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਆਪਣੀ ਸ਼ਖ਼ਸੀਅਤ ਦਾ ਸੰਤੁਲਿਤ ਵਿਕਾਸ ਕਰ ਸਕਦਾ ਹੈ । ਬਾਹਰੀ ਅਸਲੀਅਤਾਂ (Realities) ਅਤੇ ਵਾਤਾਵਰਨ ਦਾ ਸਮਾਯੋਜਨ, ਵਰਤਮਾਨ ਸੰਗਠਨ ਦੇ ਨਾਲ-ਨਾਲ ਲਾਜ਼ਮੀ ਹੈ । ਇਹ ਸਮਾਯੋਜਨ ਹੀ ਸੰਤੁਲਨੀਕਰਨ (Equilibrium) ਹੈ । ਇਹ ਸਮਾਯੋਜਨ ਪ੍ਰਕਿਰਿਆ ਜਾਂ ਸੁੰਤਲਨੀਕਰਨ, ਮਾਨਸਿਕ ਤੇ ਗਿਆਨਾਤਮਿਕ ਵਿਕਾਸ ਲਈ ਜਰੂਰੀ ਹੈ । ਬੱਚਾ ਜਿਵੇਂ-ਜਿਵੇਂ ਵਾਤਾਵਰਨ ਨਾਲ ਏਕੀਕਰਨ ਕਰਦਾ ਜਾਂਦਾ ਹੈ, ਉਸਦਾ ਗਿਆਨਾਤਮਿਕ ਵਿਕਾਸ ਅੱਗੇ ਵੱਧਦਾ ਜਾਂਦਾ ਹੈ।

5.**<u>ਕਾਰਜ-ਕਿਰਿਆ ਦੀ ਗ੍ਰਹਿਣਤਾ (Acquisition)</u>** ਕਾਰਜ ਕਿਰਿਆ ਦਾ ਭਾਵ ਉਸ ਵਿਸ਼ੇਸ਼ ਪ੍ਰਕਾਰ ਦੇ ਮਾਨਸਿਕ ਕ੍ਰਮ ਤੋਂ ਹੈ ਜਿਸਦੀ ਮੁੱਖ ਵਿਸ਼ੇਸ਼ਤਾ ਦਰਜਾਬੰਦੀ ਹੈ । ਹਰੇਕ ਕਾਰਜ ਕਿਰਿਆ ਦਾ ਇੱਕ ਤਰਕਪੂਰਨ ਉਦੇਸ਼ ਹੁੰਦਾ ਹੈ । ਉਦਾਹਰਨ ਲਈ, ਮਿੱਟੀ ਦੇ ਇੱਕ ਚੱਕਰ ਨੂੰ ਦੋ ਹਿੱਸਿਆਂ ਵਿੱਚ ਤੋੜਨਾ ਤੇ ਫਿਰ ਦੇ ਟੁੱਟੇ ਹੋਏ ਹਿੱਸਿਆਂ ਨੂੰ ਦੁਬਾਰਾ ਪੂਰਨ ਚੱਕਰ ਦੇ ਰੂਪ ਵਿੱਚ ਜੋੜਨਾ, ਇੱਕ ਕਾਰਜ ਕਿਰਿਆ ਹੈ । ਪਿਆਜ ਦਾ ਵਿਚਾਰ ਹੈ ਕਿ ਜਦੋਂ ਤੱਕ ਬਾਲਕ, ਕਿਸ਼ੋਰ ਅਵਸਥਾ ਤੱਕ ਨਹੀਂ ਪਹੁੰਚਦਾ, ਤਦੋਂ ਤੱਕ ਉਹ ਭਿੰਨ-ਭਿੰਨ ਵਿਕਾਸ ਅਵਸਥਾਵਾਂ ਵਿੱਚੋਂ ਭਿੰਨ-ਭਿੰਨ ਵਰਗਾਂ ਵਿੱਚ ਕਾਰਜ-ਕਿਰਿਆਵਾਂ ਨੂੰ ਗ੍ਰਹਿਣ ਕਰਦਾ ਰਹਿੰਦਾ ਹੈ । ਉਸਦੀ ਇੱਕ ਵਿਕਾਸ ਅਵੱਸਥਾ ਦਾ ਦੂਸਰੀ ਵਿੱਚ ਸਮਾਉਣ ਲਈ ਦੇ ਤੱਥ ਜਰੂਰੀ ਹਨ:

I. ਸਾਤਮੀਕਰਨ (Assimilation): ਸਾਤਮੀਕਰਨ ਦਾ ਅਰਥ ਹੈ, ਬੱਚੇ ਵਿੱਚ ਮੌਜੂਦ ਇੱਕ ਵਿਚਾਰ ਜਾਂ ਵਸਤੂ ਵਿੱਚ ਕਿਸੇ ਨਵੇਂ ਵਿਚਾਰ ਜਾਂ ਵਸਤੂ ਦਾ ਸਮਾਵੇਸ਼ ਹੋ ਜਾਣਾ । ਦੂਸਰੇ ਸ਼ਬਦਾਂ ਵਿੱਚ ਬੱਚੇ ਦੇ ਮੌਜੂਦ ਸਕੀਮਾਂ ਵਿੱਚ ਨਵੇਂ ਵਿਚਾਰਾਂ ਦਾ ਸ਼ਾਮਿਲ ਹੋਣਾ । ਇਹ ਉਦੋਂ ਵਾਪਰਦਾ ਹੈ ਜਦੋਂ ਇੱਕ ਬੱਚਾ ਨਵੀਂ ਵਸਤੂ ਜਾਂ ਘਟਨਾ, ਮੌਜੂਦਾ ਸਕੀਮਾਂ ਜਾਂ ਵਿਚਾਰਾਂ ਦਾ ਸ਼ਾਮਿਲ ਹੋਣਾ ।

II. ਅਨੁਕੂਲਤਾ (Accommodation)-ਅਨੁਕੂਲਤਾ ਦਾ ਅਰਥ ਹੈ- ਪੁਰਾਣੇ ਸਕੀਮਾਂ (Schemas) ਨੂੰ ਗ੍ਰਹਿਣ ਕਰਨਾ ਅਤੇ ਇਸ ਨਾਲ ਅੰਤਰਕਿਰਿਆ ਕਰਕੇ ਨਵੇਂ ਸਕੀਮਾਂ ਦਾ ਵਿਕਾਸ ਕਰਨਾ । ਇੱਕ ਬੱਚਾ, ਆਪਣੇ ਮੌਜੂਦਾ ਵਿਚਾਰਾਂ ਨੂੰ ਨਵੀਂ ਸਮਝ ਵਿੱਚ ਫਿੱਟ ਕਰਨ ਲਈ ਅਨੁਕੂਲ ਬਣਾਉਂਦਾ ਹੈ । ਪਿਆਜੇ ਅਨੁਸਾਰ, ਸਤਮੀਕਰਨ ) ਅਨੁਕੂਲਤਾ :: ਸਿੱਖਣਾ । ਇਸਦਾ ਭਾਵ ਇਹ ਵੀ ਹੈ ਕਿ ਮਾਤਮੀਕਰਨ ਤੇ ਅਨੁਕੂਲਤਾ, ਇਕੱਠੇ ਹੀ ਵਾਪਰਦੇ ਹਨ । ਇੱਕ ਤੋਂ ਬਿਨਾਂ ਦੂਜੇ ਦੀ ਕੋਈ ਹੋਂਦ ਨਹੀਂ, ਸੰਤੁਲਿਨੀਕਰਨ (Equilibrium) ਵਿੱਚ ਸਾਤਮੀਕਰਨ ਤੇ ਅਨੁਕੂਲਤਾ ਦੋਵੇਂ ਸ਼ਾਮਿਲ ਹੁੰਦੇ ਹਨ। ਜਦੋਂ ਕਿਸੇ ਸੂਚਨਾ ਦਾ ਸੌਖੀ

ਤਰ੍ਹਾਂ ਅਨੁਕੂਲਣ ਨਾ ਹੋਵੇ ਤਾਂ ਗਿਆਨਾਤਮਿਕ ਦਵੰਦ (Cognitive Conflict) ਉਤਪੰਨ ਹੁੰਦਾ ਹੈ । ਇਸ ਲਈ ਗਿਆਨ ਦੀ ਸਰਚਨਾ ਨੂੰ ਲਾਜ਼ਮੀ ਤੌਰ 'ਤੇ ਬਦਲਣਾ ਪੈਂਦਾ ਹੈ । ਇਸ ਪ੍ਰਕਾਰ, ਅਨੁਭਵਾਂ ਦੀ ਬੇਤਰਤੀਬੀ, ਅਸੰਤੁਲਨ ਦੀ ਅਵੱਸਥਾ ਪੈਦਾ ਕਰ ਦਿੰਦੀ ਹੈ, ਜਿਸਨੂੰ ਉਦੋਂ ਹੀ ਹੱਲ ਕੀਤਾ ਜਾ ਸਕਦਾ ਹੈ ਜਦੋਂ ਵਿਚਾਰ ਦਾ ਵਧੇਰੇ ਅਨੁਕੂਲ ਜਾਂ ਵਧੇਰੇ ਸਪੱਸ਼ਟ ਢੰਗ ਅਪਣਾਇਆ ਜਾਵੇ ।

6.**<u>ਗਿਆਨਾਤਮਿਕ ਵਿਕਾਸ ਦੀਆਂ ਅਵੱਸਥਾਵਾਂ (Stages of Cognitive Development);</u>** ਜੀਨ ਪਿਆਜੇ ਦੇ ਸਿਧਾਂਤ ਨੂੰ 'ਅਵੱਸਥਾ' ਜਾਂ 'ਪੰਧਰ' ਕੇਂਦਰਿਤ ਸਿਧਾਂਤ ਵੀ ਕਿਹਾ ਜਾ ਜਾਂਦਾ ਹੈ । ਉਸਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਖੜੇ ਹੋਣ ਪਿੱਛੇ ਚੱਲਣ ਦੀ ਅਵੱਸਥਾ ਆਉਂਦੀ ਹੈ, ਉਸੇ ਤਰ੍ਹਾਂ ਬੌਧਿਕ ਵਿਕਾਸ ਦੀਆਂ ਕੁਝ ਅਵੱਸਥਾਵਾਂ ਪਿਛੋਂ, ਇਸਦੀਆਂ ਹੋਰ ਅਵੱਸਥਾਵਾਂ ਆਉਂਦੀਆਂ ਹਨ । ਇੱਕ ਵਿਅਕਤੀ ਨੂੰ ਇੱਕ ਅਵੱਸਥਾ ਪੂਰਨ ਰੂਪ ਵਿੱਚ ਗ੍ਰਹਿਣ ਕਰਨ ਪਿੱਛੋਂ ਹੀ, ਅਗਲੀ ਅਵੱਸਥਾ ਵਿੱਚ ਪ੍ਰਵੇਸ਼ ਮਿਲਦਾ ਹੈ। ਬੱਚੇ ਦੀ ਬੌਧਿਕ ਉਪਲਬਧੀ, ਉਸਦੀ ਵਰਤਮਾਨ ਵਿਕਾਸ ਅਵੱਸਥਾ ਉੱਤੇ ਨਿਰਭਰ ਕਰਦੀ ਹੈ। ਇਸ ਕਾਰ, ਜੇਕਰ ਕੋਈ ਵਿਅਕਤੀ, ਬੱਚੇ ਸਾਹਮਣੇ ਕੋਈ ਅਤਿਅੰਤ ਜਟਿਲ ਸੰਕਲਪ ਪ੍ਰਸਤੁਤ ਕਰਦਾ ਹੈ ਤਾਂ ਉਹ ਬੱਚਾ, ਉਸਨੂੰ ਸਮਝਣ ਵਿੱਚ ਅਸਮਰੱਥ ਹੋਵੇਗਾ । ਇਸ ਨਾਲ ਵਾਸਤਵਿਕ ਸਿੱਖਣ ਨਹੀਂ ਹੋਵੇਗਾ ।

ਜੀਨ ਪਿਆਜੇ ਨੇ ਬੌਧਿਕ ਜਾਂ ਗਿਆਨਾਤਮਿਕ ਵਿਕਾਸ ਦੀਆਂ ਚਾਰ ਅਵੱਸਥਾਵਾਂ (Stages) ਦਾ ਵਰਣਨ ਕੀਤਾ ਹੈ । ਉਸ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਅਸਥਾਵਾਂ ਕੇਵਲ ਅਨੁਮਾਨਿਤ ਆਯੂ ਉੱਤੇ ਅਧਾਰਿਤ ਹਨ ਜੋ ਹੇਠ ਲਿਖੇ ਅਨੁਸਾਰ ਹਨ:

(i) **ਸੰਵੇਗਾਤਮਿਕ-ਗਾਮਿਕ ਅਵੱਸਥਾ (Sensory-motor stage);** ਇਸਦਾ ਕਾਲ, ਬੱਚੇ ਦੇ ਜਨਮ ਤੋਂ ਲੈ ਕੇ 2 ਸਾਲ ਤੱਕ ਦਾ ਹੈ । ਇਸ ਅਵੱਸਥਾ ਵਿੱਚ ਬੱਚਾ, ਇੰਦਰੀਆਂ ਦੇ ਮਾਧਿਅਮ ਦੁਆਰਾ ਵਸਤਾਂ, ਧੁਨੀਆਂ, ਸਪਰਸ਼, ਰਸਾਂ ਤੇ ਗੰਧ ਦਾ ਅਨੁਭਵ ਪ੍ਰਾਪਤ ਕਰਦਾ ਹੈ । ਇਸ ਤਰ੍ਹਾਂ ਬਾਹਰੀ ਵਾਤਾਵਰਨ ਤੇ ਉਸਦੀਆਂ ਇੰਦਰੀਆਂ ਦੇ ਵਿਚਕਾਰ ਪਰਸਪਰਿਕ ਆਦਾਨ-ਪ੍ਰਦਾਨ ਹੋਣ ਨਾਲ ਮਾਨਸਿਕ ਕਿਰਿਆਵਾਂ ਵਾਪਰਨ ਲੱਗਦੀਆਂ ਹਨ । ਭਾਸ਼ਾ ਬਿਨਾ ਉਹ ਆਪਣੇ ਅਨੁਭਵਾਂ ਨੂੰ ਇੰਦਰੀਆਂ ਦੁਆਰਾ ਵਿਅਕਤ ਕਰਦਾ ਹੈ ਜਿਵੇਂ ਵਸਤਾਂ ਨੂੰ ਟਿਕਟਿਕੀ ਲਾ ਕੇ ਦੇਖਣਾ, ਭੁੱਖ ਲੱਗਣ 'ਤੇ ਰੋਣਾ ਆਦਿਕ । ਇਹ ਸਭ ਕਿਰਿਆਵਾਂ ਉਸਦੀਆਂ ਬੌਧਿਕ ਕਿਰਿਆਵਾਂ ਕਹਿਲਾਉਂਦੀਆਂ ਹਨ।

6 ਜਾਂ 8 ਮਹੀਨੇ ਦੀ ਆਯੂ ਤੱਕ, ਬੱਚਾ ਨਵੇਂ ਤੇ ਰੁਚੀਦਾਇੱਕ ਉਤੇਜਿਤ ਲੱਭਦਾ ਹੈ । ਉਹ ਬੈਠਣਾ ਤੇ ਰਿੜਨਾ ਸਿੱਖਦਾ ਹੈ। ਲਗਭਗ 9ਵੇਂ ਮਹੀਨੇ ਵਿੱਚ ਉਹ 'ਵਸਤਾਂ ਦੇ ਸਥਾਈਪਨ' ਦੇ ਵਿਚਾਰ ਦਾ ਵਿਕਾਸ ਕਰਦਾ ਹੈ ਜਿਸ ਦਾ ਅਰਥ ਹੈ ਕਿ ਅਜਿਹੀ ਯੋਗਤਾ ਜੋ ਬੱਚੇ ਨੂੰ ਇਹ ਅਨੁਭਵ ਕਰਾਏ ਕਿ ਕੋਈ ਵਸਤੂ, ਦ੍ਰਿਸ਼ਟੀ ਤੋਂ ਬਾਹਰ ਹੋਣ 'ਤੇ ਵੀ ਵਿਦਮਾਨ ਹੁੰਦੀ ਹੈ । ਉਹ ਭਾਸ਼ਾ ਦਾ ਪ੍ਰਯੋਗ ਕਰਨਾ ਵੀ ਸਿੱਖ ਜਾਂਦਾ ਹੈ। ਦੋ ਸਾਲਾਂ ਦੀ ਆਯੂ ਤੱਕ ਬੱਚਾ ਆਪਣੀ ਦਾਦੀ, ਮਾਤਾ-ਪਿਤਾ, ਮਿੱਤਰਾਂ ਤੇ ਟੀ.ਵੀ. ਪੇਗਾਮਾਂ ਬਾਰੇ ਗੱਲ ਕਰਦਾ ਹੈ। ਪਿਆਜੇ ਅਨੁਸਾਰ, ਇਸ ਕਾਲ ਦੇ ਅੰਤ ਤੱਕ ਬੱਚਾ

ਆਪਣੀਆਂ ਰੁਚੀਆਂ ਤੇ ਸੰਸਾਰ ਦੀਆਂ ਰੁਚੀਆਂ ਵਿੱਚ ਅੰਤਰ ਮਹਿਸੂਸ ਕਰਨ ਲੱਗ ਪੈਂਦਾ ਹੈ । ਇਸ ਵਿੱਚ ਬੱਚੇ ਦੀ ਭਾਸ਼ਾ ਤੇ ਵਿਚਾਰ-ਪ੍ਰਕਿਰਿਆ ਦਾ ਵਿਕਾਸ ਆਰੰਭ ਹੋ ਜਾਂਦਾ ਹੈ।

(ii) **<u>ਪੂਰਵ-ਉਪਰੇਸ਼ਨਲ ਅਵੱਸਥਾ (Pre-operational Stage):</u>** 2 ਤੋਂ 7 ਸਾਲ ਦੀ ਆਯੂ ਤੱਕ ਇਸਦਾ ਸਮਾਂ ਹੈ । ਇਸ ਅਵੱਸਥਾ ਵਿੱਚ ਬੱਚਾ ਸਵੈ-ਕੇਂਦਰਿਤ ਨਾ ਰਹਿ ਕੇ ਦੂਸਰਿਆਂ ਦੇ ਸੰਪਰਕ ਦੁਆਰਾ ਗਿਆਨ ਅਰਜਿਤ ਕਰਦਾ ਹੈ । ਉਸਦੀ ਪਛਾਣ ਸਮਰੱਥਾ ਵਿੱਚ ਪਰਿਵਰਤਨ ਆਉਣ ਲੱਗਦਾ ਹੈ । ਸ਼ਬਦ-ਗਿਆਨ ਵਿੱਚ ਵਾਧਾ ਹੋ ਜਾਂਦਾ ਹੈ। ਉਹ ਆਪ ਵੀ ਸ਼ਬਦਾਂ ਦਾ ਪ੍ਰਯੋਗ ਕਰਨ ਲੱਗਦਾ ਹੈ, ਪਰੰਤੂ ਉਸਨੂੰ ਕਾਰਜ-ਕਾਰਨ ਸੰਬੰਧ ਅਤੇ ਤਾਰਕਿਕ-ਚਿੰਤਨ ਦਾ ਗਿਆਨ ਨਹੀਂ ਹੁੰਦਾ । ਇਸ ਅਵਸਥਾ ਵਿੱਚ ਬੱਚੇ ਖਿਆਲੀ ਦੁਨੀਆਂ ਵਿੱਚ ਖੋਏ ਰਹਿੰਦੇ ਹਨ । ਯਥਾਰਥ ਦਾ ਉਨ੍ਹਾਂ ਲਈ ਕੋਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ ।

(iii) **ਸਕੂਲ ਉਪਰੇਸ਼ਨ ਅਵੱਸਥਾ (Concrete Operational Stage)** ਇਹ ਅਵਸਥਾ 7 ਤੋਂ 11 ਸਾਲ ਤੱਕ ਰਹਿੰਦੀ ਹੈ । ਇਸ ਅਵੱਸਥਾ ਵਿੱਚ ਬੱਚੇ ਵਿੱਚ ਸਾਧਾਰਨ ਗਣਿਤ ਤੇ ਮਾਪਣ ਦੀ ਯੋਗਤਾ ਆ ਜਾਂਦੀ ਹੈ । ਉਹ ਇਸ ਸਮੇਂ ਸਵੈ-ਕੇਂਦਰਿਤ ਨਹੀਂ ਹੁੰਦਾ । ਉਹ ਦੂਸਰੇ ਲੋਕਾਂ ਦੇ ਵਿਚਾਰਾਂ ਦੀ ਪ੍ਰਵਾਹ ਕਰਨ ਲੱਗਦਾ ਹੈ । ਉਹ ਕਾਰਨ ਤੇ ਪ੍ਰਭਾਵ ਬਾਰੇ ਸਮਝਣਾ ਸ਼ੁਰੂ ਕਰ ਦਿੰਦਾ ਹੈ ।

(iv) **ਰਸਮੀ ਉਪਰੇਸ਼ਨਲ ਅਵੱਸਥਾ (Formal Operations** Period): ਇਹ ਅਵੱਸਥਾ 11 ਤੋਂ 15 ਸਾਲ ਤੱਕ ਦੀ ਹੈ । ਇੱਥੇ ਬੱਚਾ ਸੂਖਮ ਮਸਲਿਆ ਬਾਰੇ ਤਾਰਕਿਕ ਢੰਗ ਨਾਲ ਸੋਚ ਸਕਦਾ ਹੈ ਅਤੇ ਕ੍ਰਮਬੱਧ ਢੰਗ ਨਾਲ ਪਰਿਕਲਪਨਾਵਾਂ ਨੂੰ ਟੈਸਟ ਕਰ ਸਕਦਾ ਹੈ । ਉਹ ਮਨੋਕਲਪਿਤ ਵਿਚਾਰਾਂ ਉੱਤੇ ਆਧਾਰਿਤ ਸਮੱਸਿਆਵਾਂ ਬਾਰੇ ਜਾਗਰੂਪ ਹੋ ਜਾਂਦਾ ਹੈ । ਉਹ ਭਵਿੱਖ ਤੇ ਸਿਧਾਂਤ ਸਮੱਸਿਆਵਾਂ ਬਾਰੇ ਸੋਚ ਸਕਦਾ ਹੈ । ਉਹ ਪਹਿਲਾਂ ਸਵੀਕ੍ਰਿਤ ਵਿਚਾਰਾਂ, ਖਿਆਲਾਂ ਤੇ ਕਦਰਾਂ-ਕੀਮਤਾਂ ਬਾਰੇ ਪ੍ਰਸ਼ਨ ਕਰਦਾ ਹੈ ।

ਇਸ ਅਵੱਸਥਾ ਵਿਚ ਚਾ ਚਿੰਤਨ ਤੇ ਤਰਕ ਦੀ ਅਜਿਹੀ ਯੋਗਤਾ ਪ੍ਰਾਪਤ ਕਰ ਲੈਂਦਾ ਹੈ ਜੋ ਉਸਦੇ ਤੱਤਕਾਲੀਨ ਸੰਸਾਰ ਤੋਂ ਪਰੇ ਦੀਆਂ ਵਸਤਾਂ ਤੇ ਵਿਚਾਰਾਂ ਨਾਲ ਸਬੰਧਿਤ ਹੁੰਦੀ ਹੈ । ਇੱਥੇ ਸਮਾਜਿਕ ਨਿਆਂ ਬਾਰੇ ਉਸਦੇ ਵਿਚਾਰ ਹੋਰ ਸਪਸ਼ਟ ਹੋ ਜਾਂਦੇ ਹਨ ਤੇ ਉਹ ਲੋੜੀਂਦੇ ਢੰਗ ਨਾਲ ਸਮਾਜਿਕ ਅੰਤਰਕਿਰਿਆ ਕਰਨਾ ਸਮਝ ਜਾਂਦਾ ਹੈ । ਜੀਨ ਪਿਆਜੇ ਦੀਆਂ ਇਨ੍ਹਾਂ ਵਿਕਾਸ ਦੀਆਂ ਅਵੱਸਥਾਵਾਂ ਵਿੱਚ ਆਤਮਸਾਤ (Assimilation) ਅਤੇ ਅਨੁਕੂਲਤਾ (Accomodation) ਦੀਆਂ ਪ੍ਰਕਿਰਿਆਵਾਂ ਹੁੰਦੀਆਂ ਹਨ, ਜਿਸ ਦੁਆਰਾ ਬੱਚਾ ਵਿਕਾਸ ਦੀ ਇੱਕ ਅਵੱਸਥਾ ਤੋਂ ਦੂਸਰੀ ਅਵੱਸਥਾ ਵਿੱਚ ਪ੍ਰਵੇਸ਼ ਜੀਨ ਪਿਆਜੇ ਅਨੁਸਾਰ, ਬੱਚੇ ਦਾ ਮਾਨਸਿਕ ਜਾਂ ਬੌਧਿਕ ਵਿਕਾਸ, ਉਸਦੇ ਭਾਸ਼ਾ ਵਿਕਾਸ ਨਾਲ ਜੁੜਿਆ ਹੋਇਆ ਹੈ । ਇਸ ਉਮਰ ਵਿੱਚ ਭਾਸ਼ਾ ਦਾ ਵਿਕਾਸ ਵਧੇਰੇ ਕਰਕੇ 'ਕਿਉ' (Why) ਅਤੇ 'ਕਿਵੇਂ (How) ਉਤੇ ਹੀ ਨਿਰਭਰ ਹੁੰਦਾ ਹੋਣ ਦੇ ਯੋਗ ਹੋ ਜਾਂਦਾ ਹੈ।